# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

**(ਕਾਲਜ ਸੈਕਸ਼ਨ)**

ਨੰ..202.......ਡੀ. ਕਾ.
ਮਿਤੀ..27-5-22

ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਕਾਲਜਾਂ ਦੇ

ਪ੍ਰਿੰਸੀਪਲ/ਡਾਇਰੈਕਟਰ/ਚੇਅਰਮੈਨ ਸਾਹਿਬਾਨ ਨੂੰ

ਵਿਸ਼ਾ:- ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਪੋਰਟਲ ਤੇ ਕਾਲਜ ਵੱਲੋਂ ਅੱਪਲੋਡ ਕੀਤੇ ਫੈਕਲਟੀ ਆਦਿ ਦੇ ਡਾਟੇ ਸਬੰਧੀ।

ਇਹ ਧਿਆਨ ਵਿਚ ਆਇਆ ਹੈ ਕਿ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਪੋਰਟਲ colleges.punjabiuniversity.ac.in ਤੇ ਕਾਲਜ ਵੱਲੋਂ ਫੈਕਲਟੀ ਸਬੰਧੀ ਅੱਪਲੋਡ ਕੀਤੇ ਗਏ ਡਾਟੇ ਅਨੁਸਾਰ ਕੁੱਝ ਅਧਿਆਪਕ ਇੱਕੋ ਸਮੇਂ ਵਿੱਚ ਇਕ ਤੋ ਵੱਧ ਇੰਸਟੀਚਿਊਟ ਵਿੱਚ ਕੰਮ ਕਰ ਰਹੇ ਹਨ, ਜੋ ਕਿ ਗੈਰ-ਕਾਨੂੰਨੀ ਹੈ ਕਿਉਂਕਿ ਕੋਈ ਵੀ ਅਧਿਆਪਕ ਇੱਕੋ ਸਮੇਂ ਵਿੱਚ ਇਕ ਤੋ ਵੱਧ ਇੰਸਟੀਚਿਊਟ ਵਿੱਚ ਨੌਕਰੀ ਨਹੀਂ ਕਰ ਸਕਦਾ।ਜੇਕਰ ਅਜਿਹਾ ਪਾਇਆ ਗਿਆ ਤਾਂ ਬਣਦੀ/ਲੀਗਲ ਕਾਰਵਾਈ ਤੁਰੰਤ ਆਰੰਭ ਕਰ ਦਿੱਤੀ ਜਾਵੇਗੀ।ਇਸ ਲਈ ਪੋਰਟਲ ਤੇ ਫੈਕਲਟੀ ਸਬੰਧੀ ਸਹੀ/ਦਰੁਸਤ ਜਾਣਕਾਰੀ ਅੱਪਲੋਡ ਕੀਤੀ ਜਾਵੇ।

ਉਕਤ ਤੋ ਇਲਾਵਾ ਇਹ ਵੀ ਦੱਸਿਆ ਜਾਂਦਾ ਹੈ ਕਿ ਯੂਨੀਵਰਸਿਟੀ ਵੱਲੋਂ ਜਿਨ੍ਹਾਂ ਕਾਲਜਾ ਨੂੰ (ਬੀ.ਐਡ ਕਾਲਜ ਅਤੇ ਡਿੱਗਰੀ ਕਾਲਜ) ਕੰਪੋਜ਼ਿਟ ਕਾਲਜ ਦੀ ਪ੍ਰਵਾਨਗੀ ਦਿੱਤੀ ਗਈ ਹੈ, ਉਹਨਾਂ ਕਾਲਜਾਂ ਲਈ ਯੂ.ਜੀ.ਸੀ./ਯੂਨੀਵਰਸਿਟੀ ਨਿਯਮਾਂ ਅਨੁਸਾਰ ਡਿੱਗਰੀ ਕਾਲਜ ਵਾਲਾ ਇੱਕੋ ਪ੍ਰਿੰਸੀਪਲ ਹੋਣਾ ਜ਼ਰੂਰੀ ਹੈ ਪ੍ਰੰਤੂ ਦੋਵੇਂ ਕਾਲਜਾਂ ਵਿਖੇ ਚਲਦੇ ਕੋਰਸਾਂ ਲਈ ਫੈਕਲਟੀ ਅਲੱਗ-ਅਲੱਗ ਹੋਣੀ ਜ਼ਰੂਰੀ ਹੈ। ਇਸ ਲਈ ਬੀ.ਐਡ ਅਤੇ ਡਿੱਗਰੀ ਕਾਲਜ ਦੀ ਫੈਕਲਟੀ ਵੀ ਵੱਖ-ਵੱਖ ਦਰਸਾਈ ਜਾਵੇ ਅਤੇ ਅੱਪਲੋਡ ਕੀਤੀ ਜਾਵੇ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

27/5/22
ਡੀਨ ਕਾਲਜ ਵਿਕਾਸ ਕੌਂਸਲ